# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ:08-04-2024**

ਦੇਸ਼ ਭਰ ਦੀਆਂ ਪ੍ਰਮੁੱਖ ਨਦੀਆਂ ਦੇ ਕੰਢਿਆਂ 'ਤੇ ਅੱਜ ਸੋਮਵਤੀ ਮੱਸਿਆ ਦਾ ਇਸ਼ਨਾਨ ਚੱਲ ਰਿਹਾ ਏ। ਲੱਖਾਂ ਲੋਕ ਹੁਣ ਤੱਕ ਪਵਿੱਤਰ ਇਸ਼ਨਾਨ ਕਰਕੇ ਪੂਜਾ ਕਰ ਚੁੱਕੇ ਨੇ। ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ, ਵਾਰਾਣਸੀ, ਉੱਤਰਾਖੰਡ ਦੇ ਹਰਿਦੁਆਰ ਅਤੇ ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਦੇ ਚਿੱਤਰਕੂਟ ਤੀਰਥ ਖੇਤਰ ਦੀ ਪਵਿੱਤਰ ਨਦੀ ਦੇ ਕੰਢਿਆਂ ’ਤੇ ਸੋਮਵਤੀ ਮਸਿਆ ਇਸ਼ਨਾਨ ਲਈ ਜਨ ਸੈਲਾਬ ਇਕੱਠਾ ਹੋਇਆ ਏ। ਹਿਮਾਚਲ ਪ੍ਰਦੇਸ਼, ਉੱਤਰਾਖੰਡ, ਹਰਿਆਣਾ, ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਝਾਰਖੰਡ ਵਿੱਚ ਵੀ ਲੋਕ ਜਲ ਤੀਰਥਾਂ ਵਿੱਚ ਡੁਬਕੀ ਲਗਾ ਰਹੇ ਨੇ। ਚਿਤਰਕੂਟ 'ਚ ਵੀ ਮੰਦਾਕਨੀ ਨਦੀ ਦੇ ਰਾਮਘਾਟ 'ਤੇ ਇਸ਼ਨਾਨ ਕਰਨ ਲਈ ਹਜ਼ਾਰਾਂ ਲੋਕ ਸਵੇਰ ਤੋਂ ਹੀ ਕਤਾਰਬੱਧ ਨੇ। ਚਿਤਰਕੂਟ ਬਾਰੇ ਪੌਰਾਣਿਕ ਮਾਨਤਾ ਏ, ਕਿ ਜੇਕਰ

ਮੱਸਿਆ ਸੋਮਵਾਰ ਨੂੰ ਆਉਂਦੀ ਏ ਤਾਂ ਭਗਵਾਨ ਮਹਾਦੇਵ ਅਤੇ ਭਗਵਾਨ ਸ਼੍ਰੀ ਰਾਮ ਭਗਤਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਦੇ ਨੇ। ਦਰਅਸਲ, ਚਿੱਤਰਕੂਟ ਵਿਚ ਹਰ ਮਹੀਨੇ ਮੱਸਿਆ 'ਤੇ ਇਸ਼ਨਾਨ ਕਰਕੇ, ਭਗਵਾਨ ਕਾਮਤਾ-ਨਾਥ ਦੀ ਪਰਿਕਰਮਾ ਕਰਨ ਦੀ ਰਵਾਇਤ ਏ। ਜੇਕਰ ਮੱਸਿਆ ਸੋਮਵਾਰ ਨੂੰ ਆਉਂਦੀ ਏ, ਤਾਂ ਪੂਰਾ ਬੁੰਦੇਲਖੰਡ ਮੰਦਾਕਨੀ ਨਦੀ ਵਿੱਚ ਡੁਬਕੀ ਲਗਾਉਣ ਲਈ ਪਹੁੰਚਦਾ ਏ।

-------------------------------------------------------------------

ਚੇਤ ਦੇ ਨਰਾਤੇ ਭਲਕੇ 9 ਅਪ੍ਰੈਲ ਤੋਂ ਸ਼ੁਰੂ ਹੋ ਰਹੇ ਨੇ ਅਤੇ ਇਸ ਦੇ ਨਾਲ ਹੀ ਨਵੇਂ ਵਿਕ੍ਰਮੀ ਸੰਵਤ ਦੀ ਸ਼ੁਰੂਆਤ ਵੀ ਹੋ ਰਹੀ ਏ। ਦੇਸ਼ ਦੇ ਹੋਰਨਾਂ ਹਿੱਸਿਆਂ ਵਾਂਗ ਪੰਜਾਬ ਵਿਚ ਵੀ ਨਰਾਤਿਆਂ ਦੇ ਇਸ ਤਿਉਹਾਰ ਨੂੰ ਲੈ ਕੇ ਲੋਕਾਂ ਵਿਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਏ।

**ਵੇਰਵੇ ਨਾਲ ਇਹ ਰਿਪੋਰਟ :** ***ਨਰਾਤਿਆਂ ਦੇ ਸ਼ੁਭ ਮੌਕੇ ਤੇ ਸੂਬੇ ਦੇ ਵੱਖ ਵੱਖ ਮੰਦਰਾਂ ਨੂੰ ਸ਼ਾਨਦਾਰ ਢੰਗ ਨਾਲ ਸਜਾਇਆ ਜਾ ਰਿਹਾ ਏ। ਜਲੰਧਰ ਦੇ ਇਤਿਹਾਸਕ ਸ਼੍ਰੀ ਦੇਵੀ ਤਾਲਾਬ ਮੰਦਿਰ ਸਮੇਤ ਹੋਰਨਾਂ ਅਨੇਕਾਂ ਮੰਦਿਰਾਂ ਨੂੰ ਰੰਗ ਬਿਰੰਗੇ ਫੁੱਲਾਂ ਨਾਲ ਨਵੀਂ ਨੁਹਾਰ ਦਿੱਤੀ***

ਗਈ ਏ ਜਦਕਿ ਰਾਤ ਵੇਲੇ ਵੀ ਖਾਸ ਤੌਰ ਤੇ ਰੰਗ ਬਿਰੰਗੀ ਰੌਸ਼ਨੀ ਦਾ ਪ੍ਰਬੰਧ ਕੀਤਾ ਜਾਵੇਗਾ। ਸੂਬੇ ਦੇ ਸਾਰੇ ਛੋਟੇ ਵੱਡੇ ਮੰਦਰਾਂ ਵਿਚ ਤੜਕਸਾਰ ਤੋਂ ਹੀ ਪੂਜਾ ਪਾਠ ਦਾ ਸਿਲਸਿਲਾ ਸ਼ੁਰੂ ਹੋ ਜਾਵੇਗਾ ਅਤੇ ਵਿਸ਼ੇਸ਼ ਹਵਨ ਯੱਗ ਕੀਤੇ ਜਾਣਗੇ। ਨਰਾਤਿਆਂ ਦੇ ਨੌ ਦਿਨ ਦੌਰਾਨ ਮਾਂ ਦੁਰਗਾ ਦੇ ਵੱਖ ਵੱਖ ਸਰੂਪਾਂ ਦੀ ਪੂਜਾ ਅਰਚਨਾ ਕੀਤੀ ਜਾਂਦੀ ਏ ਅਤੇ ਇਸ ਲਈ ਮਾਂ ਦੀ ਮਹਿਮਾ ਦਾ ਗੁਣਗਾਣ ਕੀਤਾ ਜਾਵੇਗਾ। ਕਈ ਲੋਕ ਨਰਾਤਿਆਂ ਦੇ ਸ਼ੁਭ ਮੌਕੇ ਤੇ ਲਗਾਤਾਰ ਵਰਤ ਰੱਖਦੇ ਨੇ ਅਤੇ ਘਰਾਂ ਵਿਚ ਅਖੰਡ ਜੋਤ ਜਗਾਉਂਦੇ ਨੇ। ਅੱਠਵੇਂ ਜਾਂ ਨੌਵੇਂ ਨਰਾਤੇ ਵਾਲੇ ਦਿਨ ਛੋਟੀਆਂ ਛੋਟੀਆਂ ਕੁੜਿਆਂ ਯਾਨਿ ਕੰਜਕਾਂ ਦੀ ਪੂਜਾ ਕਰਨ ਮਗਰੋਂ ਆਪਣੇ ਵਰਤ ਖੋਲਦੇ ਨੇ। ਇਸ ਦਿਨ ਤੋਂ ਹੀ ਹਿੰਦੂਆਂ ਦੇ ਨਵੇਂ ਵਿਕ੍ਰਮੀ ਸੰਵਤ ਦੀ ਸ਼ੁਰੂਆਤ ਮਨੀ ਜਾਂਦੀ ਏ ਅਤੇ ਵਿਕ੍ਰਮੀ ਸੰਵਤ 2081 ਭਲਕੇ ਤੋਂ ਸ਼ੁਰੂ ਹੋ ਰਿਹਾ ਏ। ਇਸ ਮੌਕੇ ਨੂੰ ਯਾਦਗਾਰ ਬਣਾਉਣ ਲਈ ਵੱਖ ਵੱਖ ਧਾਰਮਿਕ ਤੇ ਸਮਾਜਕ ਜੱਥੇਬੰਦੀਆਂ ਵਲੋਂ ਕਈ ਧਾਰਮਿਕ ਸਮਾਗਮ ਆਯੋਜਿਤ ਕਰਨ ਤੇ ਲੰਗਰ ਲਗਾਉਣ ਦੀ ਤਿਆਰੀ ਕੀਤੀ ਜਾ ਰਹੀ ਏ। ਬਾਜ਼ਾਰਾਂ ਵਿਚ ਵੀ ਰੌਣਕਾਂ ਨੇ ਅਤੇ

***<u>ਦੁਕਾਨਾਂ ਤੇ ਨਰਾਤਿਆਂ ਅਤੇ ਵਰਤ ਨਾਲ ਸੰਬੰਧਤ ਸਾਮਾਨ ਦੀ ਖ਼ੂਬ ਵਿਕਰੀ ਹੋ ਰਹੀ ਏ। ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ</u>***

-----------------------------------------------------

ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਅੱਜ ਬੀਜੇਪੀ ਵੱਲੋਂ ਕਾਦੀਆਂ ਵਿੱਚ ਇੱਕ ਬੂਥ ਸੰਮੇਲਨ ਗੌਰਵ ਰਾਜਪੂਤ ਦੀ ਰਹਿਨੁਮਾਈ ਹੇਠ ਕਰਵਾਇਆ ਗਿਆ। ਇਸ ਸੰਮੇਲਨ ਵਿੱਚ ਬੀਜੇਪੀ ਦੇ ਉਮੀਦਵਾਰ ਦਿਨੇਸ਼ ਬੱਬੂ ਤੋਂ ਅਲਾਵਾ ਧਾਰੀਵਾਲ, ਕਾਹਨੂੰਵਾਨ ਅਤੇ ਸਠਿਆਲੀ ਪੁੱਲ ਤੋਂ ਵੱਡੀ ਗਿਣਤੀ ਵਿੱਚ ਬੀਜੇਪੀ ਵਰਕਰ ਤੇ ਬਟਾਲਾ ਤੋਂ ਸਾਬਕਾ MLA ਅਸ਼ਵਨੀ ਸੇਖੜੀ ਵੀ ਸ਼ਾਮਲ ਹੋਏ। ਕਾਦੀਆਂ ਮੰਡਲ ਦੇ ਵਰਕਰਾਂ ਨੇ ਚੋਣ ਮੈਦਾਨ 'ਚ ਉਤਾਰੇ ਗਏ ਬੀਜੇਪੀ ਦੇ ਉਮੀਦਵਾਰ ਦਿਨੇਸ਼ ਬੱਬੂ ਨੂੰ ਸਨਮਾਨਿਤ ਕੀਤਾ। ਮੀਡੀਆ ਨਾਲ ਗੱਲਬਾਤ ਕਰਦਿਆਂ ਦਿਨੇਸ਼ ਬੱਬੂ ਨੇ ਦਾਅਵਾ ਕੀਤਾ ਕਿ ਇਨਾਂ ਚੋਣਾਂ ਵਿੱਚ ਲੋਕ ਬੀਜੇਪੀ ਦੀ ਹਮਾਇਤ ਕਰਨਗੇ ਅਤੇ ਕਾਦੀਆਂ ਦੇ ਜਿਹੜੇ ਵੀ ਕੰਮ ਨੇ, ਉਨਾਂ ਨੂੰ ਪਹਿਲ ਦੇ ਅਧਾਰ ਤੇ ਕੀਤਾ ਜਾਵੇਗਾ।

-----------------------------------------------------

ਲੁਧਿਆਣਾ ਦੇ ਅੰਬੇਡਕਰ ਨਵ-ਯੁਵਕ ਦਲ ਵੱਲੋਂ ਸੰਵਿਧਾਨ ਨਿਰਮਾਤਾ ਡਾ: ਭੀਮ ਰਾਓ ਅੰਬੇਡਕਰ ਦੇ 133ਵੇਂ ਜਨਮ ਦਿਵਸ ਦੇ ਸਿਲਸਿਲੇ ਵਿੱਚ 14 ਅਪ੍ਰੈਲ ਨੂੰ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਜਾ ਰਹੀ ਏ, ਜਿਸ ਦੀਆਂ ਤਿਆਰੀਆਂ ਲਈ ਸੰਗਠਨ ਦੇ ਚੇਅਰਮੈਨ ਰਾਜੀਵ ਕੁਮਾਰ ਲਵਲੀ ਅਤੇ ਪ੍ਰਧਾਨ ਬੰਸੀਲਾਲ ਪ੍ਰੇਮੀ ਦੀ ਪ੍ਰਧਾਨਗੀ ਹੇਠ ਇਕ ਮੀਟਿੰਗ ਕੀਤੀ ਗਈ। ਉਨਾਂ ਦੱਸਿਆ ਕਿ ਬਾਬਾ ਸਾਹਿਬ ਅੰਬੇਡਕਰ ਨੂੰ ਸ਼ਰਧਾਂਜਲੀ ਭੇਟ ਕਰਨ ਮਗਰੋਂ ਉਨ੍ਹਾਂ ਦੇ ਸੰਦੇਸ਼ ਨੂੰ ਲੈ ਕੇ ਇਹ ਸ਼ੋਭਾ ਯਾਤਰਾ ਕਰੀਬ ਦੁਪਹਿਰ 2 ਵਜੇ ਡਾ. ਏ.ਵੀ.ਐਮ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਈਸਾ ਨਗਰੀ ਪੁਲੀ ਤੋਂ ਹੋ ਕੇ ਸਲੇਮ ਟਾਬਰੀ ਤੋਂ ਹੁੰਦੀ ਹੋਈ ਜਲੰਧਰ ਬਾਈਪਾਸ ਵਿਖੇ ਸਥਿਤ ਡਾ.ਬੀ.ਆਰ. ਅੰਬੇਡਕਰ ਦੇ ਬੁੱਤ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਉਪਰੰਤ ਸੰਪੂਰਨ ਹੋਵੇਗੀ। ਉਨ੍ਹਾਂ ਦੱਸਿਆ ਕਿ ਯਾਤਰਾ ਦੇ ਸਮੁੱਚੇ ਰੂਟ ਨੂੰ ਸ਼ਾਨਦਾਰ ਢੰਗ ਨਾਲ ਸਜਾਇਆ ਜਾਵੇਗਾ ਅਤੇ ਵੱਖ-ਵੱਖ ਥਾਵਾਂ 'ਤੇ ਲੰਗਰ ਵੀ ਲਗਾਏ ਜਾਣਗੇ।

---------------------------------------------------------------

ਫਰੀਦਕੋਟ ਦੇ ਮੁੱਖ ਖੇਤੀਬਾੜੀ ਅਫ਼ਸਰ ਡਾ ਅਮਰੀਕ ਸਿੰਘ ਨੇ ਕਿਹਾ ਏ ਕਿ ਕਣਕ-ਝੋਨੇ ਦੇ ਫਸਲੀ ਚੱਕਰ ਵਿੱਚ ਝੋਨੇ ਦੀ ਲਵਾਈ ਤੋਂ ਪਹਿਲਾਂ ਗਰਮੀ ਦੀ ਮੂੰਗੀ ਟੇ ਮਾਂਹ ਦੀ ਕਾਸ਼ਤ ਕਰਕੇ ਕਿਸਾਨ ਆਪਣੀ ਆਮਦਨ ਵਿੱਚ ਵਾਧਾ ਕਰ ਸਕਦੇ ਨੇ । ਜ਼ਿਲੇ ਦੇ ਪਿੰਡ ਭਾਗਥਲਾ ਵਿੱਚ ਕਿਸਾਨ ਗੁਰਜੋਤ ਸਿੰਘ ਵਲੋਂ ਕਾਸ਼ਤ ਕੀਤੀ ਮੂੰਗੀ ਦੀ ਫਸਲ ਦਾ ਜਾਇਜ਼ਾ ਲੈਂਦਿਆਂ ਉਨ੍ਹਾਂ ਇਹ ਗੱਲ ਕਹੀ। ਉਨ੍ਹਾਂ ਕਿਹਾ ਕਿ ਜ਼ਿਲੇ ਵਿੱਚ ਸਾਲ 2023 -24 ਦੌਰਾਨ ਤਕਰੀਬਨ 300 ਹੈਕਟੇਅਰ ਰਕਬੇ ਵਿੱਚ ਮੂੰਗੀ ਦੀ ਕਾਸ਼ਤ ਕੀਤੀ ਗਈ ਸੀ ਅਤੇ ਮੌਜੂਦਾ ਸੀਜ਼ਨ ਦੌਰਾਨ ਅੰਦਾਜ਼ਨ 450 ਹੈਕਟੇਅਰ ਰਕਬੇ ਵਿੱਚ ਮੂੰਗੀ ਦੀ ਕਾਸ਼ਤ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਗਰਮੀ ਰੁੱਤ ਦੀਆਂ ਮੂੰਗੀ ਤੇ ਮਾਂਹ ਦਾਲਾਂ ਘੱਟ ਸਮਾਂ ਲੈਣ ਵਾਲੀਆਂ ਫਸਲਾਂ ਹੋਣ ਕਾਰਨ ਝੋਨਾ-ਕਣਕ ਫਸਲੀ ਚੱਕਰ ਵਿਚ ਖਾਸ ਮਹੱਤਤਾ ਰੱਖਦੀਆਂ ਨੇ।

---------------------------------------------------------------

ਕਪੂਰਥਲਾ ਦੇ ਕਸਬਾ ਫੱਤੂਢੀਂਗਾ ਨੇੜੇ ਬੀਤੀ ਦੇਰ ਸ਼ਾਮ, ਇੱਕ ਕਾਰ

ਅਤੇ ਸੰਗਤ ਨਾਲ ਭਰੀ ਪਿਕਅੱਪ ਗੱਡੀ ਵਿਚਾਲੇ ਹੋਈ ਟੱਕਰ ਵਿਚ, ਦੋ ਔਰਤਾਂ ਸਮੇਤ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਹਾਦਸੇ 'ਚ ਕੁਝ ਬੱਚਿਆਂ ਅਤੇ ਔਰਤਾਂ ਸਮੇਤ ਕੋਈ 25 ਵਿਅਕਤੀ ਗੰਭੀਰ ਜ਼ਖਮੀ ਵੀ ਹੋਏ ਨੇ। ਜ਼ਖਮੀਆਂ ਨੂੰ ਸਿਵਲ ਹਸਪਤਾਲ ਕਪੂਰਥਲਾ ਵਿਖੇ ਦਾਖਲ ਕਰਵਾਇਆ ਗਿਆ ਏ। ਪਿਕਅੱਪ ਗੱਡੀ ਵਿੱਚ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਨੰਗਲੀ ਦੇ ਵਸਨੀਕ ਸਵਾਰ ਸਨ ਅਤੇ ਉਹ, ਸ੍ਰੀ ਆਨੰਦਪੁਰ ਸਾਹਿਬ ਵਿਖੇ ਮੱਥਾ ਟੇਕ ਕੇ ਵਾਪਸ ਪਿੰਡ ਜਾ ਰਹੇ ਸਨ। ਹਾਦਸਾ ਇੰਨਾ ਭਿਆਨਕ ਸੀ ਕਿ ਦੋਵੇਂ ਵਾਹਨ ਬੁਰੀ ਤਰ੍ਹਾਂ ਨੁਕਸਾਨੇ ਗਏ।